Draft-2019-(71)

ਵੱਲੋਂ

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਵੱਲ

ਰਜਿਸਟਰਾਰ,
ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ,ਜਲੰਧਰ।

ਰਜਿਸਟਰਾਰ,
ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ,ਬਠਿੰਡਾ।

ਰਜਿਸਟਰਾਰ,
ਪੰਜਾਬ ਰਾਜ ਤਕਨੀਕੀ ਸਿੱਖਿਆ ਉਦਯੋਗਿਕ ਸਿਖਲਾਈ ਬੋਰਡ,ਚੰਡੀਗੜ੍ਹ।

ਮੀਮੋ ਨੰ: 428-430/ਸ-5/ਈ.ਸੀ.ਸੀ./2019 ਮਿਤੀ: 4/4/19

ਵਿਸ਼ਾ:- **ਟਿਊਸ਼ਨ ਫੀਸ ਵੇਵਰ ਸਕੀਮ 2019 ਬਾਰੇ।**

ਇਹ ਦੱਸਿਆ ਜਾਂਦਾ ਹੈ ਕਿ ਸਰਕਾਰ ਵੱਲੋ ਨੋਟੀਫਿਕੇਸ਼ਨ ਨੰ.13/60/2008ITE/1797 ਮਿਤੀ 23/05/2011 ਨੋਟੀਫਿਕੇਸ਼ਨ ਨੰ. 2007 ਮਿਤੀ 31/05/2012, ਨੋਟੀਫਿਕੇਸ਼ਨ ਨੰ.2092 ਮਿਤੀ 18/7/13 ਅਤੇ ਪੱਤਰ ਮਿਤੀ 13/5/15 ਰਾਹੀ AICTE ਵੱਲੋਂ ਫੀਸ ਵੇਵਰ ਸਕੀਮ ਦੀਆਂ ਨਿਰਧਾਰਤ ਗਾਈਡਲਾਈਨਾਂ ਦੇ ਸਨਮੁੱਖ ਨੋਟੀਫਿਕੇਸ਼ਨ ਜਾਰੀ ਕੀਤੀ ਸੀ। ਜਿਸ ਤਹਿਤ ਮਾਨਤਾ ਪ੍ਰਾਪਤ ਹਰ ਕਾਲਜ ਵੱਲੋ ਸੈਕਸ਼ਨ ਇੰਨਟੇਕ ਦਾ 5% ਸੀਟਾਂ Economical Weaker Section ਦੇ ਵਿਦਿਆਰਥੀਆਂ ਲਈ ਭਰੀਆਂ ਜਾਣੀਆ ਸਨ ਪਰ ਇਹ ਕੇਵਲ ਉਹਨਾਂ ਕੋਰਸਾਂ ਲਈ ਹਨ ਜਿਨ੍ਹਾਂ ਵਿਚ ਘੱਟੋ ਘੱਟ 30% ਸੀਟਾਂ ਦਾ ਦਾਖਲਾ ਹੁੰਦਾ ਹੈ। AICTE ਵੱਲੋ ਸਮੇਂ-ਸਮੇਂ ਇਸ ਸਕੀਮ ਵਿੱਚ ਬਦਲਾਅ ਕੀਤਾ ਜਾਂਦਾ ਰਿਹਾ ਹੈ। ਜਿਸ ਦੇ ਸਨਮੁੱਖ ਇਸ ਦਫਤਰ ਵੱਲੋ ਉਨ੍ਹਾਂ ਗਾਈਡਲਾਈਨਾਂ ਅਨੁਸਾਰ ਹੀ ਦਾਖਲਾਂ ਕਰਨ ਲਈ ਲਿਖਿਆ ਜਾਂਦਾ ਰਿਹਾ ਹੈ।

ਹੁਣ ਸਰਵ ਭਾਰਤੀ ਤਕਨੀਕੀ ਸਿੱਖਿਆ ਕੌਂਸਲ ਵੱਲੋਂ ਸਾਲ 2019-20 ਦੇ ਦਾਖਲੇ ਲਈ ਜ਼ੋ ਅਪਰੂਵਲ ਪ੍ਰੋਸੈਸ ਹੈਂਡ ਬੁਕ ਜਾਰੀ ਕੀਤਾ ਹੈ ਉਸ ਦੇ ਪੈਰਾਂ 6.40 ਵਿੱਚ ਇਸ ਟਿਊਸ਼ਨ ਵੇਵਰ ਸਕੀਮ ਵਿੱਚ ਹੇਠ ਅਨੁਸਾਰ ਬਦਲ ਕੀਤੀ ਹੈ:-

- ਇਹ ਸਕੀਮ ਬੈਚਲਰ ਪ੍ਰੋਗਰਾਮ, ਡਿਪਲੋਮਾ ਅਤੇ ਪੋਸਟ ਡਿਪਲੋਮਾ ਅਤੇ ਲੈਟਰਲ ਐਂਟਰੀ ਪ੍ਰੋਗਰਾਮ ਦੇ ਨਾਲ-ਨਾਲ ਇਸ ਸਾਲ ਤੋਂ MCA, PGDCA ਅਤੇ MBA ਪ੍ਰੋਗਰਾਮ ਲਈ ਵੀ ਲਾਗੂ ਹੈ।
- ਇਹ ਸਕੀਮ ਹੁਣ ਉਹਨਾਂ ਵਿਦਿਆਰਥੀਆ ਤੇ ਲਾਗੂ ਹੈ ਜਿਨ੍ਹਾਂ ਵਿਦਿਆਰਥੀਆਂ ਦੇ ਮਾਤਾ ਅਤੇ ਪਿਤਾ ਦੀ ਆਮਦਨ 8.00 ਲੱਖ ਰੁਪਏ ਸਲਾਨਾ ਤੋਂ ਘੱਟ ਹੈ।

AICTE ਵੱਲੋ ਜਾਰੀ ਗਾਈਡਲਾਈਨਾਂ(ਟੁੱਕ ਨੱਥੀ) ਅਨੁਸਾਰ ਦਾਖਲਾ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ,
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੰਠ ਅੰਕਣ 431 /ਸ-3/ਈ.ਸੀ.ਸੀ./2019 ਮਿਤੀ: 4/4/19

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ,
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।